# ਪ੍ਰਾਪਰਟੀ ਦੇ ਮਾਲਕ ਨੂੰ ਹੈਲੋ

ਇਸ ਪੇਜ ਦੇ ਪਿੱਛਲੇ ਪਾਸੇ ਤੁਹਾਡਾ ਸਲਾਨਾ ਪ੍ਰਾਪਰਟੀ ਮੁਲਾਂਕਣ ਹੈ। ਕਿਰਪਾ ਕਰਕੇ ਇਸ ਮਹੱਤਵਪੂਰਣ ਜਾਣਕਾਰੀ ਦੀ ਸਮੀਖਿਆ ਕਰੋ ਅਤੇ ਜੇ ਤੁਹਾਡੇ ਇਸ ਨੋਟਿਸ ਬਾਰੇ ਕੋਈ ਪ੍ਰਸ਼ਨ ਹਨ, ਤਾਂ ਸਾਡੇ ਨਾਲ ਸੰਪਰਕ ਕਰੋ।

ਤੁਹਾਡਾ 2021 ਪ੍ਰਾਪਰਟੀ ਮੁਲਾਂਕਣ, ਤੁਹਾਡੀ ਪ੍ਰਾਪਰਟੀ ਦਾ 1 ਜੁਲਾਈ, 2020 ਨੂੰ ਅਨੁਮਾਨਿਤ ਬਾਜ਼ਾਰ ਦਾ ਮੁੱਲ ਅਤੇ 31 ਦਸੰਬਰ, 2020 ਨੂੰ ਪ੍ਰਾਪਰਟੀ ਦੀਆਂ ਵਿਸ਼ੇਸ਼ਤਾਵਾਂ ਅਤੇ ਭੌਤਿਕ ਸਥਿਤੀ ਨੂੰ ਦਰਸਾਉਂਦਾ ਹੈ। ਹਰ ਸਾਲ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ, ਇਸ ਬਾਰੇ ਜਾਣਨ ਲਈ ਕਿਰਪਾ ਕਰਕੇ **calgary.ca/assessment** ਤੇ ਜਾਓ। ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਤੁਹਾਡੇ ਸਲਾਨਾ ਪ੍ਰਾਪਰਟੀ ਟੈਕਸ ਬਿੱਲ ਦੀ ਗਣਨਾ ਕਰਨ ਲਈ ਵਰਤਿਆ ਜਾਂਦਾ ਹੈ। ਪ੍ਰਾਪਰਟੀ ਟੈਕਸ ਦੀ ਜਾਣਕਾਰੀ **calgary.ca/propertytax** 'ਤੇ ਜਾਂ 311 ਤੇ ਕਾਲ ਕਰਕੇ ਉਪਲਬਧ ਹੈ।

ਤੁਹਾਡੇ ਮੁਲਾਂਕਣ ਦੇ ਮੁੱਲ ਵਿੱਚ ਤਬਦੀਲੀ ਦਾ ਮਤਲਬ ਇਹ ਨਹੀਂ ਹੈ ਕਿ ਤੁਹਾਡੇ ਪ੍ਰਾਪਰਟੀ ਟੈਕਸ ਵਿੱਚ ਵਾਧਾ ਹੋਵੇਗਾ ਜਾਂ ਕਮੀ ਆਏਗੀ। ਪ੍ਰਾਪਰਟੀ ਟੈਕਸ ਵਿੱਚ ਤਬਦੀਲੀਆਂ ਆਮ ਤੌਰ ਤੇ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਮੁੱਲ ਵਿੱਚ ਤਬਦੀਲੀ ਦੁਆਰਾ ਪ੍ਰਭਾਵਿਤ ਹੁੰਦੀਆਂ ਹਨ, ਤੁਹਾਡੀ ਪ੍ਰਾਪਰਟੀ ਸ਼੍ਰੇਣੀ ਦੀਆਂ ਸਾਰੀਆਂ ਵਿਸ਼ੇਸ਼ਤਾਵਾਂ ਲਈ ਔਸਤ ਮੁਲਾਂਕਣ ਤਬਦੀਲੀ ਵਿੱਚ ਤਬਦੀਲੀ ਦੇ ਅਨੁਸਾਰ। ਵਧੇਰੇ ਜਾਣਕਾਰੀ ਲਈ **www.calgary.ca/assessment** 'ਤੇ ਜਾਓ।

ਅਲਬਰਟਾ ਵਿੱਚ ਮਿਉਂਸਿਪੈਲਟੀਆਂ ਨੂੰ ਮੁਲਾਂਕਣ ਦੇ ਉਦੇਸ਼ਾਂ ਲਈ ਪ੍ਰਾਪਰਟੀ ਦੀ ਸਹੀ ਅਤੇ ਨਵੀਨਤਮ ਜਾਣਕਾਰੀ ਹੋਣਾ ਆਵਸ਼ਕ ਹੈ। ਮੁਲਾਂਕਣ ਕਈ ਤਰ੍ਹਾਂ ਦੇ ਸਰੋਤਾਂ ਤੋਂ ਪ੍ਰਾਪਰਟੀ ਦੀ ਜਾਣਕਾਰੀ ਇਕੱਤਰ ਕਰਦਾ ਹੈ, ਹਾਲਾਂਕਿ, ਤੁਹਾਡੀ ਪ੍ਰਾਪਰਟੀ ਬਾਰੇ ਜਾਣਕਾਰੀ ਦਾ ਸਭ ਤੋਂ ਭਰੋਸੇਮੰਦ ਸਰੋਤ ਤੁਸੀਂ ਹੋ। ਤੁਹਾਡੀ ਜਾਣਕਾਰੀ ਨੂੰ ਮੌਜੂਦਾ ਰੱਖਣਾ ਮਹੱਤਵਪੂਰਣ ਹੈ, ਕਿਉਂਕਿ ਗਲਤ ਵੇਰਵਿਆਂ ਦੇ ਨਤੀਜੇ ਵਜੋਂ ਅਜਿਹੇ ਮੁਲਾਂਕਣ ਹੋ ਸਕਦੇ ਹਨ ਜੋ ਤੁਹਾਡੀ ਪ੍ਰਾਪਰਟੀ ਦੇ ਮੁੱਲ ਨੂੰ ਸਹੀ ਤਰ੍ਹਾਂ ਨਹੀਂ ਦਰਸਾਉਂਦੇ ਹਨ।

## ਕਿਰਪਾ ਕਰਕੇ ਆਪਣੀ ਪ੍ਰਾਪਰਟੀ ਬਾਰੇ ਸਾਡੇ ਕੋਲ ਮੌਜੂਦ ਵੇਰਵਿਆਂ ਦੀ ਦਰੁਸਤੀ ਦੀ ਸਮੀਖਿਆ ਕਰੋ



**calgary.ca/assessment** 'ਤੇ ਜਾਓ ਅਤੇ ਸੁਰੱਖਿਅਤ **Assessment Search (ਮੁਲਾਂਕਣ ਸਰਚ)** ਸਾਈਟ ਤੇ ਇਸ ਲਈ ਲੌਗਇਨ ਕਰੋ:

- ਆਪਣੀ ਪ੍ਰਾਪਰਟੀ ਦੇ ਵੇਰਵਿਆਂ ਦੀ ਪੁਸ਼ਟੀ ਕਰਨ ਅਤੇ ਅਪਡੇਟ ਕਰਨ ਲਈ।
- ਨਿਰਪੱਖਤਾ ਨੂੰ ਯਕੀਨੀ ਬਣਾਉਣ ਲਈ ਤੁਹਾਡੇ ਖੇਤਰ ਵਿਚ ਹੋਰ ਸਮਾਨ ਪ੍ਰਾਪਰਟੀਆਂ ਨਾਲ ਆਪਣੇ ਮੁਲਾਂਕਣ ਮੁੱਲ ਦੀ ਤੁਲਨਾ ਕਰਨ ਲਈ।
- ਰੀਅਲ ਐਸਟੇਟ ਬਾਜ਼ਾਰ ਦੇ ਰੁਝਾਨ ਦੀ ਸਮੀਖਿਆ ਕਰਨ ਅਤੇ ਇਹ ਸਿੱਖਣ ਲਈ ਕਿ ਤੁਹਾਡੀ ਪ੍ਰਾਪਰਟੀ ਦਾ ਮੁਲਾਂਕਣ ਕਿਵੇਂ ਕੀਤਾ ਜਾਂਦਾ ਹੈ।
- ਆਪਣੇ ਮੁਲਾਂਕਣ ਨੋਟਿਸ ਨੂੰ ਇਲੈਕਟ੍ਰਾਨਿਕ ਢੰਗ ਨਾਲ ਪ੍ਰਾਪਤ ਕਰਨ ਅਤੇ ਵਾਤਾਵਰਣ ਨੂੰ ਬਚਾਉਣ ਵਿੱਚ ਸਹਾਇਤਾ ਲਈ ਈਨੋਟਿਸਾਂ ਲਈ ਸਾਈਨ ਅਪ ਕਰਨ ਲਈ।

ਜਾਂ ਤੁਹਾਡਾ ਮੁਲਾਂਕਣ ਕਿਵੇਂ ਤਿਆਰ ਕੀਤਾ ਗਿਆ ਸੀ, ਇਸਦੇ ਵੇਰਵਿਆਂ ਦੀ ਸਮੀਖਿਆ ਕਰਨ ਲਈ ਸਾਡੇ ਦਫ਼ਤਰ ਵਿੱਚ ਪ੍ਰਾਪਰਟੀ ਮੁਲਾਂਕਣ ਜਾਣਕਾਰੀ ਬੇਨਤੀ ਫਾਰਮ ਭਰਨ ਲਈ। **calgary.ca/assessment** 'ਤੇ ਜਾਓ ਅਤੇ ਫਾਰਮ ਡਾਉਨਲੋਡ ਕਰਨ ਲਈ ਫਾਰਮ ਅਤੇ ਪ੍ਰਕਾਸ਼ਨਾਂ 'ਤੇ ਕਲਿੱਕ ਕਰੋ, ਜਾਂ ਮੁਲਾਂਕਣ ਨਾਲ ਸੰਪਰਕ ਕਰਕੇ ਇਸ ਲਈ ਬੇਨਤੀ ਕਰਨ ਲਈ। ਪੂਰਾ ਫਾਰਮ ਪ੍ਰਾਪਤ ਹੋਣ 'ਤੇ, ਅਸੀਂ 15 ਦਿਨਾਂ ਦੇ ਅੰਦਰ ਜਾਣਕਾਰੀ ਪ੍ਰਦਾਨ ਕਰਾਂਗੇ।

## ਗਾਹਕ ਸਮੀਖਿਆ ਅਵਧੀ ਦੇ ਦੌਰਾਨ ਸਾਡੇ ਨਾਲ ਆਪਣੇ ਮੁਲਾਂਕਣ ਬਾਰੇ ਚਰਚਾ ਕਰੋ

ਗਾਹਕ ਸਮੀਖਿਆ ਅਵਧੀ ਉਹ ਸਮਾਂ ਹੁੰਦਾ ਹੈ ਜਦੋਂ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਦੀ ਸਮੀਖਿਆ ਕਰਨ ਲਈ ਤੁਹਾਡੇ ਨਾਲ ਕੰਮ ਕਰਦੇ ਹਾਂ।

ਜੇ ਮੁਲਾਂਕਣ ਜਾਂ ਮੁਲਾਂਕਣ ਪ੍ਰਕਿਰਿਆ ਬਾਰੇ ਤੁਹਾਡੇ ਕੋਈ ਪ੍ਰਸ਼ਨ ਜਾਂ ਟਿੱਪਣੀਆਂ ਹਨ, ਤਾਂ ਕਿਰਪਾ ਕਰਕੇ ਸਾਡੇ ਨਾਲ ਸੰਪਰਕ ਕਰੋ। ਅਸੀਂ ਤੁਹਾਡੇ ਨਾਲ ਕੰਮ ਕਰਾਂਗੇ ਅਤੇ ਤੁਹਾਡੀਆਂ ਚਿੰਤਾਵਾਂ ਨੂੰ ਹੱਲ ਕਰਨ ਦੀ ਕੋਸ਼ਿਸ਼ ਕਰਾਂਗੇ।

ਜੇ ਤੁਸੀਂ ਕਿਸੇ ਏਜੰਟ ਨੁਮਾਇੰਦੇ ਦੀ ਵਰਤੋਂ ਕਰ ਰਹੇ ਹੋ, ਤਾਂ ਤੁਹਾਨੂੰ ਤੁਹਾਡੀ ਤਰਫੋਂ ਕੰਮ ਕਰਨ ਲਈ ਏਜੰਟ (*ਮੁਲਾਂਕਣ ਸਰਚ* ਪੇਜ 'ਤੇ ਪਾਏ ਗਏ) ਨੂੰ ਅਧਿਕਾਰਤ ਕਰਨ ਦੀ ਜ਼ਰੂਰਤ ਹੋਏਗੀ।

## ਮੁਲਾਂਕਣ ਨੂੰ ਸੰਪਰਕ ਕਰੋ (ਮੁਫਤ ਸੇਵਾ)

ਟੈਲੀਫੋਨ 403-268-2888
(ਸੋਮਵਾਰ - ਸ਼ੁੱਕਰਵਾਰ, ਸਵੇਰੇ 8 ਵਜੇ - ਸ਼ਾਮ 4:30 ਵਜੇ)

ਸੁਣਨ ਵਿੱਚ ਅਯੋਗ: 403-268-2888 ਦੀ ਬੇਨਤੀ ਕਰਨ ਲਈ 711 ਤੇ ਸੰਪਰਕ ਕਰੋ

ਔਨਲਾਈਨ **calgary.ca/assessment**

ਮੇਲ: The City of Calgary Assessment (#8002)
(ਸਿਟੀ ਅਵ ਕੈਲਗਰੀ ਅਸੈਸਮੈਂਟ)
P.O. Box 2100, Stn. M
Calgary, AB T2P 2M5

ਕਿਸੇ ਮੁਲਾਂਕਣਕਰਤਾ ਨਾਲ ਸਮਾਂ ਬੁੱਕ ਕਰਨ ਲਈ **403-268-2888** ਤੇ ਕਾਲ ਕਰੋ

## ਮੁਲਾਂਕਣ ਸਮੀਖਿਆ ਬੋਰਡ ਕੋਲ ਸ਼ਿਕਾਇਤ ਦਰਜ ਕਰੋ

ਜੇ ਅਸੀਂ ਤੁਹਾਡੀ ਪ੍ਰਾਪਰਟੀ ਦੇ ਮੁਲਾਂਕਣ ਬਾਰੇ ਸਰਵਸੰਮਤੀ ਨਹੀਂ ਦੇ ਪਾਂਦੇ ਹਾਂ ਤਾਂ ਤੁਸੀਂ ਮੁਲਾਂਕਣ ਸਮੀਖਿਆ ਬੋਰਡ (ਏ ਆਰ ਬੀ) ਕੋਲ ਸ਼ਿਕਾਇਤ ਦਰਜ ਕਰ ਸਕਦੇ ਹੋ। ਏ ਆਰ ਬੀ ਇੱਕ ਨਿਰਪੱਖ ਟ੍ਰਿਬਿਊਨਲ ਹੈ ਜੋ ਮੁਲਾਂਕਣ ਦੀਆਂ ਸ਼ਿਕਾਇਤਾਂ ਨੂੰ ਸੁਣਦਾ ਅਤੇ ਉਹਨਾਂ ਤੇ ਫੈਸਲਾ ਲੈਂਦਾ ਹੈ।

ਇਸ ਨੋਟਿਸ ਦੇ ਸਾਹਮਣੇ ਵਾਲੇ ਪਾਸੇ ਦਿੱਤੀ ਅੰਤਮ ਮਿਤੀ ਤੋਂ ਬਾਅਦ ਸ਼ਿਕਾਇਤ ਦਰਜ ਨਹੀਂ ਕਰਵਾਈ ਜਾ ਸਕਦੀ ਹੈ। ਇੱਕ ਜਾਇਜ਼ ਸ਼ਿਕਾਇਤ ਇਸ ਨੋਟਿਸ ਦੇ ਅਗਲੇ ਪਾਸੇ ਤੇ ਦਰਸਾਈ ਗਈ ਲੋੜੀਂਦੀ ਫਾਈਲਿੰਗ ਫੀਸ ਦੇ ਨਾਲ ਹੋਣੀ ਚਾਹੀਦੀ ਹੈ। ਵਧੇਰੇ ਜਾਣਕਾਰੀ ਲਈ ਜਾਂ ਔਨਲਾਈਨ ਸ਼ਿਕਾਇਤ ਦਰਜ ਕਰਨ ਲਈ **calgaryarb.ca** 'ਤੇ ਜਾਓ। ਸ਼ਿਕਾਇਤ ਫਾਰਮ ਦੀ ਕਾਗਜ਼ ਦੀ ਕਾੱਪੀ ਲਈ ਏਆਰਬੀ ਨਾਲ ਸੰਪਰਕ ਕਰੋ।

ਕਿਰਪਾ ਕਰਕੇ ਨੋਟ ਕਰੋ ਕਿ ਜੇ ਤੁਸੀਂ ਸ਼ਿਕਾਇਤ ਪ੍ਰਕਿਰਿਆ ਦੌਰਾਨ ਆਪਣੀ ਤਰਫੋਂ ਕੰਮ ਕਰਨ ਲਈ ਕਿਸੇ ਏਜੰਟ ਦੀ ਨਿਯੁਕਤੀ ਕਰਦੇ ਹੋ, ਤਾਂ ਤੁਹਾਨੂੰ ਰਿਸੋਰਸਿਜ਼> ਫੌਰਮ ਅਤੇ ਟੂਲ (Resources > Forms and Tools) ਦੇ ਅਧੀਨ **calgaryarb.ca** ਦੀ ਵੈਬਸਾਈਟ ਤੇ ਸਥਿਤ *ਅਸੈਸਮੈਂਟ ਕੰਮਪਲੇਂਟਸ ਏਜੰਟ ਔਥਰਾਈਜ਼ੇਸ਼ਨ ਫੌਰਮ* ਪੂਰਾ ਕਰਨਾ ਲਾਜ਼ਮੀ ਹੈ, ਜਾਂ ਕਿਰਪਾ ਕਰਕੇ ਏ ਆਰ ਬੀ ਨਾਲ ਸੰਪਰਕ ਕਰੋ।

## ਮੁਲਾਂਕਣ ਸਮੀਖਿਆ ਬੋਰਡ ਨਾਲ ਸੰਪਰਕ ਕਰੋ

ਔਨਲਾਈਨ: **calgaryarb.ca**

ਫੋਨ: 403-268-5858

ਡ੍ਰੌਪ ਬਾਕਸ: First Floor, Deerfoot Junction 3 Building
1212 31st Ave. N.E.

ਮੇਲ: Assessment Review Board (#222) (ਮੁਲਾਂਕਣ ਸਮੀਖਿਆ ਬੋਰਡ)
P.O. Box 2100, Stn. M
Calgary, AB T2P 2M5

## ਮੇਰਾ ਮੇਲਿੰਗ ਪਤਾ ਬਦਲੋ

ਫਾਰਮ **calgary.ca/propertytax** 'ਤੇ ਡਾਉਨਲੋਡ ਕਰੋ

ਇੱਥੇ ਮੇਲ ਕਰੋ: Land Titles Office
Box 7575, Calgary, AB T2P 2R4

ਫਾਰਮ ਨੂੰ ਇੱਥੋਂ ਲਓ/ਛੱਡੋ: Alberta Government Services Building
Second Floor, 710 4th Ave. S.W., Calgary, AB

**calgary.ca/schoolsupport**
'ਤੇ ਜਾਂ 311 ਤੇ ਕਾਲ ਕਰਕੇ ਮੇਰੀ ਸਕੂਲ ਸਹਾਇਤਾ ਦਾ ਐਲਾਨ ਕਰੋ

**ਟੈਕਸ ਇੰਸਟਾਲਮੈਂਟ ਪੇਮੈਂਟ ਪਲੈਨ (ਟੀਆਈਪੀਪੀ)**
ਪ੍ਰਾਪਰਟੀ ਟੈਕਸ ਦਾ ਭੁਗਤਾਨ ਹਰ ਮਹੀਨੇ ਕਰੋ, ਜੂਨ ਵਿੱਚ ਇੱਕ ਅਦਾਇਗੀ ਕਰਨ ਦੀ ਬਜਾਏ। **calgary.ca/TIPP** 'ਤੇ ਹੋਰ ਜਾਣੋ

20-0007874

ਤੁਹਾਡੇ ਮੁਲਾਂਕਣ ਦੇ ਅਧਿਕਾਰਾਂ ਬਾਰੇ ਵਧੇਰੇ ਜਾਣਕਾਰੀ: ਮੁਲਾਂਕਣ ਕਰਵਾਉਣ ਵਾਲਾ ਵਿਅਕਤੀ ਇਸ ਬਾਰੇ ਲੋੜੀਂਦੀ ਜਾਣਕਾਰੀ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ ਕਿ ਉਨ੍ਹਾਂ ਦੀ ਪ੍ਰਾਪਰਟੀ ਦਾ ਮੁਲਾਂਕਣ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 299 ਜਾਂ 299.1 (ਜਾਂ ਦੋਵੇਂ) ਦੇ ਅਨੁਸਾਰ ਕਿਵੇਂ ਤਿਆਰ ਕੀਤਾ ਗਿਆ ਸੀ। ਮੁਲਾਂਕਣ ਕਰਵਾਉਣ ਵਾਲਾ ਵਿਅਕਤੀ *ਮਿਉਂਸਪਲ ਗੌਰਮਿੰਟ ਐਕਟ* ਦੀ ਧਾਰਾ 300 ਜਾਂ 300.1 (ਜਾਂ ਦੋਵੇਂ) ਦੇ ਅਨੁਸਾਰ ਕਿਸੇ ਹੋਰ ਮੁਲਾਂਕਣ ਕੀਤੀ ਗਈ ਪ੍ਰਾਪਰਟੀ ਦੇ ਮੁਲਾਂਕਣ ਨੂੰ ਵੇਖਣ ਜਾਂ ਪ੍ਰਾਪਤ ਕਰਨ ਦਾ ਹੱਕਦਾਰ ਹੈ। ਕਿਰਪਾ ਕਰਕੇ ਇਸ ਨੋਟਿਸ ਤੇ ਉੱਪਰ ਦਿੱਤੀ ਜਾਣਕਾਰੀ ਦੀ ਸਮੀਖਿਆ ਕਰੋ ਕਿ ਜਾਣਕਾਰੀ ਨੂੰ ਕਿਵੇਂ ਵੇਖਣਾ ਹੈ ਜਾਂ ਉਸ ਲਈ ਬੇਨਤੀ ਕਰਨੀ ਹੈ।